GOVERNMENT OF WESTERN AUSTRALIA

Working with Children Check

# ਇਨਫੋਗ੍ਰਾਫਿਕ APP12
# WWC ਕਾਰਡ ਨੂੰ ਔਨਲਾਈਨ ਰੀਨਿਊ (ਨਵੀਨੀਕਰਨ) ਕਰੋ

Punjabi | ਪੰਜਾਬੀ

ਇਸ ਬਾਰੇ ਜਾਣਕਾਰੀ ਕਿ ਵੈਸਟਰਨ ਆਸਟ੍ਰੇਲੀਆ (WA) ਵਿੱਚ ਵਰਕਿੰਗ ਵਿਦ ਚਿਲਡਰਨ (WWC) ਕਾਰਡ ਨੂੰ ਔਨਲਾਈਨ ਕਿਵੇਂ ਰੀਨਿਊ ਕਰਨਾ ਹੈ।

1

## WWC ਔਨਲਾਈਨ ਸੇਵਾਵਾਂ ਲਈ ਰਜਿਸਟਰ ਕਰੋ

WWC ਚੈੱਕ ਵੈੱਬਸਾਈਟ 'ਤੇ ਖਾਤਾ ਬਣਾਉਣ ਲਈ ਰਜਿਸਟਰ ਕਰੋ।
ਤੁਸੀਂ ਆਪਣੇ ਔਨਲਾਈਨ ਖਾਤੇ ਰਾਹੀਂ ਆਪਣੀ WWC ਚੈੱਕ ਨੂੰ ਰੀਨਿਊ ਕਰ ਸਕਦੇ ਹੋ, ਆਪਣੇ ਵੇਰਵਿਆਂ ਨੂੰ ਅੱਪਡੇਟ ਕਰ ਸਕਦੇ ਹੋ, ਅਤੇ ਆਪਣੀ ਅਰਜ਼ੀ ਦੀ ਸਥਿਤੀ ਦੀ ਜਾਂਚ ਕਰ ਸਕਦੇ ਹੋ।

2

## ਕੀ ਤੁਸੀਂ ਔਨਲਾਈਨ ਨਵੀਨੀਕਰਨ ਕਰਵਾਉਣ ਦੇ ਯੋਗ ਹੋ?

ਤੁਸੀਂ ਔਨਲਾਈਨ ਨਵੀਨੀਕਰਨ ਕਰਵਾਉਣ ਦੇ ਯੋਗ ਹੋ ਜੇਕਰ:

- ਤੁਸੀਂ ਬੱਚਿਆਂ ਨਾਲ ਸੰਬੰਧਿਤ ਕੰਮ ਕਰਦੇ ਹੋ
- ਤੁਹਾਡੇ ਕੋਲ ਮੌਜੂਦਾ WWC ਕਾਰਡ ਹੈ ਜਿਸਦੀ ਮਿਆਦ ਤਿੰਨ ਮਹੀਨਿਆਂ ਵਿੱਚ ਖ਼ਤਮ ਹੋਣ ਵਾਲੀ ਹੈ
- ਤੁਸੀਂ ਆਪਣਾ ਨਾਮ ਜਾਂ ਫ਼ੋਟੋ ਨੂੰ ਅੱਪਡੇਟ ਨਹੀਂ ਕਰ ਰਹੇ ਹੋ
- ਤੁਹਾਡੇ ਪਿਛਲੇ ਦੋ ਨਵੀਨੀਕਰਨ ਔਨਲਾਈਨ ਨਹੀਂ ਕੀਤੇ ਗਏ ਸਨ।

3

## ਆਪਣੇ ਨੁਮਾਇੰਦੇ ਨੂੰ ਨਾਮਜ਼ਦ ਕਰੋ

ਤੁਹਾਨੂੰ ਆਪਣੀ ਸੰਸਥਾ ਵਿਚਲੇ ਕਿਸੇ ਵਿਅਕਤੀ ਦੇ ਨਾਮ ਅਤੇ ਸੰਪਰਕ ਵੇਰਵਿਆਂ ਦੀ ਲੋੜ ਹੋਵੇਗੀ ਜੋ ਤੁਹਾਡੇ ਦੁਆਰਾ ਬੱਚਿਆਂ ਨਾਲ ਸੰਬੰਧਿਤ ਕੰਮ ਕਰਦੇ ਹੋਣ ਦੀ ਪੁਸ਼ਟੀ ਕਰ ਸਕਦਾ ਹੈ।
ਸਵੈ-ਰੁਜ਼ਗਾਰ ਵਾਲੇ ਲੋਕਾਂ ਨੂੰ ਨੁਮਾਇੰਦੇ ਨੂੰ ਨਾਮਜ਼ਦ ਕਰਨ ਦੀ ਲੋੜ ਨਹੀਂ ਹੋਵੇਗੀ।

4

## ਆਪਣੀ ਜਾਣਕਾਰੀ ਭਰੋ ਅਤੇ ਜਮ੍ਹਾਂ ਕਰੋ

ਔਨਲਾਈਨ ਫਾਰਮ ਨੂੰ ਆਪਣੀ ਜਾਣਕਾਰੀ ਨਾਲ ਅਤੇ ਅਰਜ਼ੀ ਫ਼ੀਸ ਲਈ ਭੁਗਤਾਨ ਵੇਰਵਿਆਂ ਸਹਿਤ ਭਰੋ।
ਤੁਹਾਡੇ ਨਾਮਜ਼ਦ ਨੁਮਾਇੰਦੇ ਨੂੰ ਤੁਹਾਡੇ ਨਵੀਨੀਕਰਨ ਦੀ ਪੁਸ਼ਟੀ ਕਰਨ ਲਈ ਇੱਕ ਈਮੇਲ ਪ੍ਰਾਪਤ ਹੋਵੇਗੀ।

5

## ਆਪਣੀ ਰਸੀਦ ਨਾਲ ਕੰਮ ਕਰਦੇ ਰਹੋ

ਤੁਸੀਂ ਅਰਜ਼ੀ ਜਮ੍ਹਾਂ ਕਰਵਾਉਣ ਦੇ ਸਬੂਤ ਵਜੋਂ ਆਪਣੀ ਅਰਜ਼ੀ ਦੀ ਰਸੀਦ ਦੀ ਇੱਕ ਕਾਪੀ ਡਾਊਨਲੋਡ ਕਰ ਸਕਦੇ ਹੋ। ਜ਼ਿਆਦਾਤਰ ਮਾਮਲਿਆਂ ਵਿੱਚ, ਜਦੋਂ ਤੱਕ ਤੁਹਾਡੀ ਨਵੀਨੀਕਰਨ ਦੀ ਅਰਜ਼ੀ ਦਾ ਮੁਲਾਂਕਣ ਕੀਤਾ ਜਾ ਰਿਹਾ ਹੁੰਦਾ ਹੈ ਤਾਂ ਇਹ ਤੁਹਾਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੋਣ ਦਿੰਦੀ ਹੈ।

ਵਧੇਰੇ ਜਾਣਕਾਰੀ ਲਈ **www.workingwithchildren.wa.gov.au** 'ਤੇ ਜਾਓ।